ਲੇਖ ਰਚਨਾ- ਗੁਰੂ ਨਾਨਕ ਦੇਵ ਜੀ ਜਮਾਤ – ਅੱਠਵੀਂ



**ਭੂਮਿਕਾ** : ਸਾਡਾ ਭਾਰਤ ਪੀਰਾਂ - ਪੈਗੰਬਰਾਂ , ਸਾਧੂ ਸੰਤਾਂ , ਰਿਸ਼ੀਆਂ - ਮੁਨੀਆਂ ਤੇ ਅਵਤਾਰਾਂ ਦੀ ਧਰਤੀ ਹੈ। ਸਮੇਂ - ਸਮੇਂ ਨਾਲ ਅਵਤਾਰਾਂ ਦੀ ਵੀ ਜੋਤ ਇੱਥੇ ਪ੍ਰਗਟ ਹੋਈ , ਜਿਸ ਵਿਚੋਂ ਗੁਰੂ ਨਾਨਕ ਦੇਵ ਜੀ **ਇੱਕ** ਅਜਿਹੇ ਮਹਾਂਪੁਰਖ ਸਨ , ਜਿਨ੍ਹਾਂ ਨੇ ਕਲਜੁਗ **ਵਿੱਚ** ਅਵਤਾਰ ਧਾਰਿਆ ਤੇ ਭੁੱਲੇ-ਭਟਕੇ ਲੋਕਾਂ ਨੂੰ ਸਿੱਧੇ ਰਾਹੇ ਪਾਇਆ। ਆਪ ਸਿੱਖ ਧਰਮ ਦੇ ਪਹਿਲੇ ਗੁਰੂ ਸਨ।

**ਜਨਮ ਤੇ ਵਿੱਦਿਆ** : ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ, 1469 ਈ.ਨੂੰ ਰਾਇ ਭੋਇ ਦੀ ਤਲਵੰਡੀ , ਪਾਕਿਸਤਾਨ ( ਨਨਕਾਣਾ ਸਾਹਿਬ ) , ਮਹਿਤਾ ਕਾਲੂ ਜੀ ਦੇ ਘਰ, ਮਾਤਾ ਤ੍ਰਿਪਤਾ ਜੀ ਦੀ ਸੁਭਾਗੀ ਕੁੱਖੋਂ ਹੋਇਆ। ਮਹਿਤਾ ਕਾਲੂ ਜੀ ਪਿੰਡ **ਵਿੱਚ** ਪਟਵਾਰੀ ਸਨ। ਜਦੋਂ ਆਪ ਸੱਤ ਸਾਲ ਦੇ ਹੋਏ, ਤਾਂ ਆਪ ਦੇ ਪਿਤਾ ਜੀ ਨੇ ਆਪ ਨੂੰ ਵਿੱਦਿਆ ਵਾਸਤੇ ਗੋਪਾਲ ਨਾਂ ਦੇ ਪਾਂਧੇ ਪਾਸ ਪੜ੍ਹਨ ਲਈ ਭੇਜਿਆ। ਇਸ ਤੋਂ ਬਾਅਦ ਆਪ ਨੇ ਪੰਡਤ ਬ੍ਰਿਜ ਨਾਥ ਕੋਲੋਂ ਸੰਸਕ੍ਰਿਤ ਭਾਸ਼ਾ ਤੇ ਮੌਲਵੀ ਰੁਕਨਦੀਨ ਕੋਲੋਂ ਫ਼ਾਰਸੀ ਦਾ ਗਿਆਨ ਪ੍ਰਾਪਤ ਕੀਤਾ, ਪਰ ਛੋਟੀ ਉਮਰ ਵਿਚ

ਹੀ ਆਪ ਏਨੀ ਤੀਖਣ ਬੁੱਧੀ ਦੇ ਮਾਲਕ ਸਨ ਕਿ ਆਪ ਨੇ ਆਪਣੀ ਸੂਝ ਤੇ ਗਿਆਨ ਦਾ ਸਬੂਤ ਦੇ ਕੇ ਕਾਜ਼ੀ ਅਤੇ ਮੁੱਲਾਂ ਨੂੰ ਹੈਰਾਨ ਕਰ ਦਿੱਤਾ।

**ਬਚਪਨ** : ਬਚਪਨ ਤੋਂ ਹੀ ਗੁਰੂ ਜੀ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਆਪ ਦਾ ਮਨ ਪੜ੍ਹਾਈ ਵਿਚ ਨਾ ਲਗਦਾ ਤੇ ਨਾ ਹੀ ਦੁਨਿਆਵੀ ਕੰਮਾਂ ਵਿਚ ਪਿਤਾ ਜੀ ਆਪ ਨੂੰ ਦੁਨਿਆਵੀ ਕੰਮਾਂ ਵੱਲ ਲਾਉਣਾ ਚਾਹੁੰਦੇ ਸਨ ,ਪਰ ਜਗਤ - ਜਲੰਦੇ ਨੂੰ ਤਾਰਨ ਵਾਲੇ ਗੁਰੂ ਜੀ ਹਮੇਸ਼ਾ ਪਰਮੇਸ਼ਰ ਦੀ ਧੁਨ ਵਿਚ ਇਕ - ਮਿਕ ਰਹਿੰਦੇ ਸਨ। ਇਕ ਵਾਰ ਪਿਤਾ ਜੀ ਨੇ ਆਪ ਨੂੰ ਮੱਝਾਂ ਚਾਰਨ ਲਈ ਭੇਜਿਆ। ਮੱਝਾਂ ਨੇ ਜੱਟ ਦਾ ਖੇਤ ਉਜਾੜ ਦਿੱਤਾ। ਉਲਾਂਭਾ ਮਿਲਣ ਤੇ ਜਦੋਂ ਜਾ ਕੇ ਦੇਖਿਆ ਤਾਂ ਖੇਤ ਪਹਿਲਾਂ ਤੋਂ ਵੀ ਹਰਿਆ - ਭਰਿਆ ਸੀ।

**ਸੱਚਾ ਸੌਦਾ** : ਇਕ ਵਾਰ ਆਪ ਦੇ ਪਿਤਾ ਜੀ ਨੇ ਆਪ ਨੂੰ 20 ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ, ਪਰ ਰਸਤੇ ਵਿਚ ਆਪ ਜੀ ਨੂੰ ਕੁਝ ਭੁੱਖੇ ਸਾਧੂ ਮਿਲੇ। ਆਪ ਨੇ ਉਨ੍ਹਾਂ ਨੂੰ 20 ਰੁਪਿਆਂ ਦਾ ਰਾਸ਼ਨ ਲੈ ਕੇ ਭੁੱਖੇ ਸਾਧੂਆਂ ਨੂੰ ਛਕਾ ਦਿੱਤਾ। ਪਿਤਾ ਜੀ ਦੇ ਪੁੱਛਣ ' ਤੇ ਆਪ ਨੇ ਜਵਾਬ ਦਿੱਤਾ ਕਿ ਇਸ ਤੋਂ ਵੱਧ ਸੱਚਾ ਸੌਦਾ ਕਿਹੜਾ ਹੋ ਸਕਦਾ ਹੈ ?

**ਨਵਾਬ ਦੌਲਤ ਖਾਂ ਦੀ ਨੌਕਰੀ ਕਰਨਾ** : ਪਿਤਾ ਜੀ ਨੇ ਆਪ ਨੂੰ ਆਪ ਦੀ ਭੈਣ ਬੇਬੇ ਨਾਨਕੀ ਕੋਲ ਸੁਲਤਾਨਪੁਰ ਲੋਧੀ ਭੇਜ ਦਿੱਤਾ। ਇੱਥੇ ਆਪ ਨੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਰਾਸ਼ਨ ਤੋਲਣ ਦੀ ਨੌਕਰੀ ਕੀਤੀ। ਇੱਥੇ ਵੀ ਆਪ ਦੀ ਸੁਰਤ ਤੇਰਾ - ਤੇਰਾ ਤੇ ਅਟਕ ਗਈ। ਵਿਰੋਧੀਆਂ ਨੇ ਨਵਾਬ ਕੋਲ ਸ਼ਿਕਾਇਤ ਕੀਤੀ। ਜਦੋਂ ਜਾਂਚ - ਪੜਤਾਲ ਕੀਤੀ ਗਈ ਤਾਂ ਇੱਥੇ ਵੀ ਵਾਧਾ ਹੀ ਨਿਕਲਿਆ।

**ਵੇਈਂ ਨਦੀ ਵਿਚ ਪ੍ਰਵੇਸ਼** : ਸੁਲਤਾਨਪੁਰ ਰਹਿੰਦਿਆਂ ਹੀ ਆਪ ਜੀ ਦੀ ਜ਼ਿੰਦਗੀ ਵਿਚ ਇਕ ਬਹੁਤ ਵੱਡਾ ਮੋੜ ਆਇਆ। ਇਕ ਦਿਨ ਆਪ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਤੇ ਤਿੰਨ ਦਿਨ ਅਲੋਪ ਰਹੇ। ਚੌਥੇ ਦਿਨ ਜਦੋਂ ਬਾਹਰ ਆਏ ਤਾਂ ਆਪ ਨੇ ਫ਼ਰਮਾਇਆ : ਨ ਕੋਈ ਹਿੰਦੂ ਨਾ ਮੁਸਲਮਾਣੁ ॥

**ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ :** ਆਪ ਜੀ ਦਾ ਵਿਆਹ ਸੁਲਤਾਨਪੁਰ ਲੋਧੀ ਵਿਖੇ ਰਹਿੰਦਿਆਂ ਹੀ ਬੀਬੀ ਸੁਲੱਖਣੀ ਜੀ ਨਾਲ ਹੋਇਆ ਸੀ। ਆਪ ਜੀ ਦੇ- ਦੋ ਸਪੁੱਤਰ- ਬਾਬਾ ਸ੍ਰੀਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਹਨ।

**ਉਦਾਸੀਆਂ ਦਾ ਦੌਰ ਰੰਭ** : ਗੁਰੂ ਜੀ ਦੁਨਿਆਵੀ ਕੰਮ - ਕਾਜ ਛੱਡ ਕੇ ਭੁੱਲੇ - ਭਟਕਿਆਂ ਨੂੰ ਸਿੱਧੇ ਰਾਹੇ ਪਾਉਣ ਲਈ ਦੇਸ-ਪ੍ਰਦੇਸ **ਦੀ ਯਾਤਰਾ** ਲਈ ਤੁਰ ਪਏ। ਇਸ ਸਮੇਂ ਮਰਦਾਨਾ ਰਬਾਬੀ ਵੀ ਆਪ ਦੇ ਨਾਲ ਸੀ। ਆਪ ਨੇ ਆਪਣੇ ਜੀਵਨ ਵਿਚ ਚਾਰ ਲੰਮੀਆਂ ਉਦਾਸੀਆਂ ਕੀਤੀਆਂ। ਆਪ ਰੱਬੀ ਬਾਣੀ ਦਾ ਕੀਰਤਨ ਕਰਦੇ ਲੋਕਾਂ ਨੂੰ ਫੋਕੇ ਕਰਮਾਂ ਕਾਂਡਾਂ,ਪਖੰਡਾਂ ਤੇ ਵਹਿਮਾਂ-ਭਰਮਾਂ ਨੂੰ ਛੱਡ ਕੇ ਸੱਚ ਤੇ ਚੱਲਣ ਲਈ ਪ੍ਰੇਰਿਤ ਕਰਦੇ।



**ਰਚਨਾਵਾਂ** : ਆਪ ਦੀਆਂ ਪ੍ਰਮੁੱਖ ਬਾਣੀਆਂ ਜਪੁ ਜੀ ਸਾਹਿਬ , ਰਾਗ ਆਸਾ , ਪੱਟੀ , ਸਿੱਧ ਗੋਸ਼ਟਿ , ਬਾਰਾਮਾਹ , ( ਤੁਖਾਰੀ ) **ਸੋਹਲੇ** , ਪਹਿਰੇ , ਅਲਾਹੁਣੀਆਂ ਆਦਿ ਹਨ। ਆਪ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

**ਅੰਤਮ ਸਮਾਂ** : ਆਪ ਨੇ ਆਪਣਾ ਅੰਤਲਾ ਸਮਾਂ ਕਰਤਾਰਪੁਰ ਵਿਖੇ ਗੁਜ਼ਾਰਿਆ। ਇੱਥੇ ਹੀ ਆਪ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖ਼ਸ਼ੀ, ਜੋ ਗੁਰੂ ਅੰਗਦ ਦੇਵ ਨਾਲ ਮਸ਼ਹੂਰ ਹੋਏ। 5 ਸਤੰਬਰ, 1539 ਈ : ਨੂੰ ਆਪ ਜੋਤੀ - ਜੋਤਿ ਸਮਾ ਗਏ।



ਤਿਆਰ ਕਰਤਾ -
ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ )
ਮੋਬਾਇਲ – 75087-27529
ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰ. ਰਣ ਸਿੰਘ।

ਵਤਨ ਸਿੰਘ ਸੰਧੂ ( ਪੰਜਾਬੀ ਮਾਸਟਰ) ਸਰਕਾਰੀ ਹਾਈ ਸਕੂਲ ਅਮਰਕੋਟ 98555-39200